新年快樂!

नव वर्ष शुभ हो

# Happy New Year!

ਖ਼ੁਸ਼ੀ ਭਰਿਆ ਨਵਾਂ ਸਾਲ

نیا سال مبارک

ਪੰਜਾਬੀ

PUNJABI

ਹਾਊਸਿੰਗ ਫਾਰ ਓਲਡਰ ਪੀਪਲ ਨਯੂਜ਼ਲੈਟਰ

Housing for older people NEWSLETTER

ਇਹ ਪਰਚਾ ਚੀਨੀ, ਉਰਦੂ, ਹਿੰਦੀ ਅਤੇ ਅੰਗ੍ਰੇਜ਼ੀ ਭਾਸ਼ਾਵਾਂ ਵਿਚ ਉਪਲਬਧ ਹੈ ।


## ਜੌਬ ਔਪਰਚਯੂਨਿਟੀਜ਼ ਸੱਪੋਰਟ ਪ੍ਰਾਜੈਕਟ ਨੇ ਐਸੋਸਿਏਸ਼ਨਸ ਵਲੋਂ ਵਿੱਤ ਸੰਬੰਧੀ ਮਦਦ ਪ੍ਰਾਪਤ ਕੀਤੀ

ਟ੍ਰਸਟ, ਹੈਨੋਵਰ (ਸਕਾਟਲੈਂਡ) ਅਤੇ ਬੀਲਡ ਹਾਉਜ਼ਿੰਗ ਐਸੋਸਿਏਸ਼ਨਜ਼, ਇਹ ਐਲਾਨ ਕਰਦੇ ਹੋਏ ਬਹੁਤ ਖ਼ੁਸ਼ੀ ਪ੍ਰਾਪਤ ਕਰਦੇ ਹਨ ਕਿ ਉਹ **ਕਮਿਊਨਿਟੀਜ਼ ਸਕਾਟਲੈਂਡ** ਅਤੇ **ਕੈਪਿਟਲ ਸਿਟੀ ਪਾਰਟਨਰਸ਼ਿਪ** ਵਲੋਂ ਤਿੰਨ ਸਾਲਾਂ ਵਾਸਤੇ £108,000 ਦੀ ਆਰਥਕ ਸਹਾਇਤਾ ਪ੍ਰਾਪਤ ਕਰਨ ਵਿਚ ਕਾਮਯਾਬ ਰਹੇ ਹਨ । **ਜੌਬ ਔਪਰਚਯੂਨਿਟੀਜ਼ ਸੱਪੋਰਟ ਪ੍ਰਾਜੈਕਟ,** ਐਸੋਸਿਏਸ਼ਨ ਦੇ ਈਕਵਲ ਔਪਰਚਯੁਨਿਟੀਜ਼ ਪ੍ਰੋਗਰਾਮ ਵਿਚ ਇੱਕ ਨਵਾਂ ਜੋੜ ਹੈ ।

ਇਸ ਪ੍ਰਾਜੈਕਟ ਦਾ ਉਦੇਸ਼, ਐਡਿਨਬਰਾ ਅਤੇ ਲੋਦਿਅਨ ਵਿਚ ਕਾਲ਼ੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ (BME) ਵਾਸਤੇ ਰਿਹਾਇਸ਼ ਅਤੇ ਜਨਤਕ ਖੇਤਰ ਵਿਚ ਨੌਕਰੀ ਦੇ ਮੌਕਿਆਂ ਦੀ ਪਹੁੰਚ ਵਿਚ ਸੁਧਾਰ ਵਾਸਤੇ ਮਦਦ ਕਰਨਾ ਹੈ ।

ਇਹ ਪ੍ਰਾਜੈਕਟ, ਪੂਰੇ ਸਮੇਂ ਵਾਸਤੇ ਕੰਮ ਕਰਨ ਲਈ ਡਿਵੈਲਪਮੈਂਟ ਅਫ਼ਸਰ ਦੀ ਅਗਵਾਈ ਹੇਠ ਕੰਮ ਕਰੇਗਾ, ਜੋ ਮਾਲ਼ਕਾਂ ਅਤੇ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਦੇ ਵਿਚਕਾਰ ਸੰਪਰਕ ਵਜੋਂ ਕਾਰਜ ਕਰੇਗਾ ਅਤੇ ਰੁਜ਼ਗਾਰ ਦੇ ਮੌਕਿਆਂ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਕੰਮ ਕਰੇਗਾ ।

ਇਹ ਪ੍ਰਾਜੈਕਟ ਜਨਵਰੀ 2006 ਵਿਚ ਸ਼ੁਰੂ ਹੋਵੇਗਾ । ਅਸੀਂ ਨਵੇਂ ਸਾਲ ਵਿਚ, ਲੋਕਾਂ ਅਤੇ ਸੰਸਥਾਵਾਂ ਨਾਲ ਸੰਪਰਕ ਬਣਾਵਾਂਗੇ ।

ਪ੍ਰਾਜੈਕਟ ਬਾਰੇ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰ ਕੇ ਰੋਹਿਣੀ ਸ਼ਰਮਾ ਨੂੰ ਇਸ ਨੰਬਰ 0131 444 4950 ਤੇ ਫ਼ੋਨ ਕਰੋ ਜਾਂ rsharma@trustha.org.uk, ਤੇ ਈ–ਮੇਲ ਭੇਜੋ ਜਾਂ ਸਾਡੀ ਵੈੱਬਸਾਇਟ **www.EqualityScotland.com** ਤੇ ਜਾਓ ।

## ਵੀ ਹੈਵ ਮੂਵਡ

### ਅਸੀਂ ਥਾਂ ਬਦਲ ਲਿਆ ਹੈ

ਈਕਵਲ ਔਪਰਚਯੁਨਿਟੀਜ਼ ਪ੍ਰੋਗਰੈਮ ਟੀਮ, ਹੇਠ ਲਿਖੇ ਪਤੇ ਤੇ ਚਲੇ ਗਈ ਹੈ:

Trust Housing Associations Ltd
12 New Mart Road
Edinburgh
EH14 1RL
Tel 0131.444.1200 Fax 0131.444.4949


ਇਸ਼ਯੂ 11

ਜਨਵਰੀ 2006


ਅੰਦਰ...


ਪ੍ਰੋਗਰੈਸ ਅਪਡੇਟਸ

ਅਵਾਰਡਸ

ਓਲਡਰ ਪਰਸਨਜ਼ ਵੀਕ

ਸ਼ੈਲਟਰਡ ਹਾਉਜ਼ਿੰਗ ਰੀਵਿਊ

ਕੇਅਰ ਐਂਡ ਰਿਪੇਅਰ

ਜਾਬ ਫੇਅਰ 2006


Trust Housing Association Ltd

HANOVER SCOTLAND

BIELD INDEPENDENCE FOR OLDER PEOPLE

CARE & REPAIR EDINBURGH
encouraging independence

# ਕੇਅਰ ਐਂਡ ਰਿਪੇਅਰ ਇਨ ਐਡਿਨਬਰਾ (ਏਜ ਕਨਸਰਨ) ਲਿਮਿਟਿਡ

ਕੇਅਰ ਐਂਡ ਰਿਪੇਅਰ, ਇੱਕ ਰਜਿੱਸਟਰਡ ਚੈਰਿਟੀ ਹੈ, ਜੋ ਐਡਿਨਬਰਾ ਵਿਚ ਰਹਿਣ ਵਾਲੇ ਘਰ ਦੇ ਮਾਲਕਾਂ ਅਤੇ ਨਿਜੀ ਕਿਰਾਏਦਾਰਾਂ ਨੂੰ ਜੋ 60 ਸਾਲ ਤੋਂ ਉੱਤੇ ਹਨ ਜਾਂ ਅੰਗਹੀਣ ਹਨ, ਅਤੇ ਜਿਨ੍ਹਾਂ ਦੇ ਘਰ ਦੀ ਮੁਰੱਮਤ, ਸੁਧਾਰ ਜਾਂ ਕੋਈ ਹੋਰ ਛੋਟੇ–ਮੋਟੇ ਕੰਮ ਹਨ, ਨੂੰ ਮਦਦ ਪ੍ਰਦਾਨ ਕਰਦੀ ਹੈ ।

ਜ਼ਿਆਦਾਤਰ ਕੇਅਰ ਐਂਡ ਰਿਪੇਅਰ ਸੇਵਾਵਾਂ ਮੁਫ਼ਤ ਹਨ ਅਤੇ ਗ੍ਰਾਹਕਾਂ ਕੋਲੋਂ ਸਿਰਫ਼ ਵਰਤੋਂ ਵਿਚ ਆਉਣ ਵਾਲੀ ਸਮੱਗ੍ਰੀ ਦੀ ਕੀਮਤ ਲਈ ਜਾਂਦੀ ਹੈ । ਚਾਰ ਤਰ੍ਹਾਂ ਦੀਆਂ ਸੇਵਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ:

- **ਹੋਮ ਇੰਮਪਰੂਵਮੈਂਟ ਸਰਵਿਸ**–ਆਰਕੀਟੈਕਟ ਨਿਯੁਕਤ ਕਰਨਾ, ਬਿਲਡਿੰਗ ਵਾਰੰਟਸ ਵਾਸਤੇ ਅਰਜ਼ੀ ਦੇਣੀ ਅਤੇ ਕੌਂਟਰੈਕਟਰ ਨੂੰ ਕਿਰਾਏ ਤੇ ਲੈਣਾ, ਵਰਗੇ ਵੱਡੇ ਕੰਮਾਂ ਦੇ ਸੰਬੰਧ ਵਿਚ ਮਦਦ ਅਤੇ ਸਲਾਹ ।

- **ਸਮਾਲ ਰਿਪੇਅਰਜ਼ ਸਰਵਿਸ**–ਛੋਟੇ–ਮੋਟੇ ਜੋੜਨ ਦੇ ਕੰਮ ਜਿਵੇਂ ਕਿ ਤਾਲੇ ਫ਼ਿੱਟ ਕਰਨਾ, ਖਿੜਕੀਆਂ ਦੇ ਸੈਸ਼ ਕੋਰਡ ਦੀ ਮੁਰੱਮਤ ਕਰਨਾ ।

- **ਹੈਂਡੀਪਰਸਨ ਸਰਵਿਸ**– ਵਲੰਟਿਅਰਜ਼ ਦਾ ਪ੍ਰਬੰਧ ਕਰਨਾ ਤਾਂ ਜੋ ਬਲਬ ਬਦਲ ਸਕਨ, ਪਰਦੇ ਲਾ ਸਕਨ ਅਤੇ ਛੋਟੇ–ਮੋਟੇ ਘਰ ਦੇ ਦੂਸਰੇ ਕੰਮ ਕਰ ਸਕਨ, ਜੋ ਕਿ ਕਈ ਬਜ਼ੁਰਗ ਅਤੇ ਅੰਗਹੀਣ ਲੋਕ ਆਪਣੇ ਵਾਸਤੇ ਨਹੀਂ ਕਰ ਸਕਦੇ ।

- **ਟ੍ਰੇਡਸ ਰੈਫ਼ਰਲ ਸਰਵਿਸ**– ਭਰੋਸੇ ਯੋਗ ਕਿੱਤੇ ਵਾਲੇ ਕੰਮ ਕਰਨ ਵਾਲੇ ਲੋਕਾਂ ਦੇ ਨਾਮ ਪ੍ਰਦਾਨ ਕਰਨਾ ।

ਇਸ ਸਾਲ ਕੇਅਰ ਅਐਂਡ ਰਿਪੇਅਰ, ਇਸ ਦੀ "ਹੋਮ ਫ਼ਰਾਮ ਹੌਸਪਿਟਲ" ਸਰਵਿਸ, ਦੀ ਸ਼ੁਰੂਆਤ ਕਰੇਗਾ । ਇਹ ਸੋਸ਼ਲ ਵਰਕ ਅਤੇ ਹੌਸਪਿਟਲ ਡਿਸਚਾਰਜ ਟੀਮ ਨਾਲ ਕੰਮ ਕਰਦੇ ਹੋਏ, ਜਦੋਂ ਲੋਕ ਹਸਪਤਾਲ ਤੋਂ ਜਾਣ ਲਈ ਤਿਆਰ ਹੋਣ, ਦੇਰੀ ਨੂੰ ਦੂਰ ਕਰਨ ਵਿਚ ਮਦਦ ਕਰੇਗਾ । ਕੇਅਰ ਐਂਡ ਰਿਪੇਅਰ, ਛੋਟੀਆਂ ਮੁਰੱਮਤਾਂ ਜਾਂ ਕਿਸੇ ਵਿਅਕਤੀ ਦੀਆਂ ਸਿਹਤ ਦੀਆਂ ਲੋੜਾਂ ਵਿਚ ਸੁਧਾਰ ਵਾਸਤੇ ਨਿਗਰਾਨੀ ਕਰੇਗਾ ।

ਕੇਅਰ ਐਂਡ ਰਿਪੇਅਰ, ਸਿਟੀ ਆਫ਼ ਐਡਿਨਬਰਾ ਕੌਂਸਲ ਤੋਂ ਫ਼ੰਡਿਗ ਪ੍ਰਾਪਤ ਕਰਦਾ ਹੈ । ਭਾਂਵੇਂ, ਇਹ ਆਮਦਨੀ ਦੀ ਕੀਮਤ ਨੂੰ ਪੂਰਾ ਕਰਨ ਵਾਸਤੇ, ਵਲੰਟਿਅਰਜ਼ ਅਤੇ ਦਾਨ ਤੇ ਵੀ ਨਿਰਭਰ ਕਰਦਾ ਹੈ ।

ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਪੇਸ਼ ਕੀਤੀਆਂ ਸੇਵਾਵਾਂ ਤੋਂ ਫ਼ਾਇਦਾ ਚੱਕ ਸਕਦੇ ਹੋ, ਤਾਂ 0131 220 7630 ਤੇ ਜਾਂ reception@careandrepairedinburgh.org.uk ਤੇ ਸੰਪਰਕ ਕਰੋ । ਜੇਕਰ ਤੁਸੀਂ ਵਲੰਟਿਅਰ ਕਰਨ ਬਾਰੇ ਜ਼ਿਆਦਾ ਪਤਾ ਕਰਨਾ ਚਾਹੁੰਦੇ ਹੋ ਤਾਂ ਹੈਂਡੀਪਰਸਨ ਕੋ–ਆਰਡੀਨੇਟਰ, John Richardson, ਨਾਲ ਗੱਲ ਕਰੋ । ਵੈੱਬਸਾਇਟ ਹੈ **www.careandrepairedinburgh.org.uk**

## ਵਰਕਿੰਗ ਇਨ ਪਾਰਟਨਰਸ਼ਿਪ...



### ਓਲਡਰ ਪਰਸਨਜ਼ ਵੀਕ

6 ਅੱਕਤੂਬਰ 2005, ਨੂੰ ਟ੍ਰਸਟ, ਹੈਨੋਵਰ (ਸਕਾਟਲੈਂਡ) ਅਤੇ ਬੀਲਡ ਹਾਉਜ਼ਿੰਗ ਐਸੋਸਿਏਸ਼ਨਜ਼ ਨੇ, ਇੱਕ ਜਲਸੇ ਵਿਚ ਹਿੱਸਾ ਲਿਆ, ਜਿਸ ਦਾ ਰੇਨਫ਼ਰਯੂਸ਼ਾਇਰ ਕਾਉਂਸਲ, ਆਰਕਲੈੱਟ ਹਾਊਜ਼ਿੰਗ ਐਸੋਸਿਏਸ਼ਨ ਅਤੇ ਕਮਿਯੂਨਿਟੀਜ਼ ਸਕਾਟਲੈਂਡ ਦੀ ਭਾਈਵਾਲੀ ਵਿਚ ਪ੍ਰਬੰਧ ਕੀਤਾ ਗਿਆ ਸੀ ।

ਵਰਕਸ਼ਾਪ ਕਈ ਤਰ੍ਹਾਂ ਦੇ ਵਿਸ਼ਿਆਂ, ਜਿਵੇਂ ਕਿ "ਹਾਊਜ਼ਿੰਗ ਫ਼ਾਰ ਓਲਡਰ ਪੀਪਲ", "ਕੇਅਰ ਐਂਡ ਰਿਪੇਅਰ" ਅਤੇ "ਪੈਂਸ਼ਨ ਐਂਡ ਅਦਰ ਬੈਨਿਫ਼ਿੱਟਸ ਫ਼ਾਰ ਓਲਡਰ ਪੀਪਲ" ਬਾਰੇ ਸੀ ।

ਰੋਹਿਣੀ ਸ਼ਰਮਾ ਨੇ ਦੱਸਿਆ,"ਜਲਸਾ ਇੱਕ ਬਹੁਤ ਵੱਡੀ ਕਾਮਯਾਬੀ ਸੀ ਅਤੇ ਕਾਲ਼ੇ ਅਤੇ ਘੱਟ ਗਿਣਤੀ ਨਸਲੀ ਬਜ਼ੁਰਗ ਲੋਕਾਂ ਨੂੰ ਫ਼ਾਇਦਾ ਦੇਣ ਵਾਸਤੇ, ਜਾਣਕਾਰੀ ਅਤੇ ਸਲਾਹ ਦੀ ਪੇਸ਼ਕਸ਼ ਲਈ ਸਾਂਝੇਦਾਰੀ ਵਿਚ ਕੰਮ ਕਰਨ ਦਾ ਇੱਕ ਚੰਗਾ ਉਦਾਹਰਣ ਸੀ । ਅਸੀਂ ਇਸ ਪ੍ਰਣਾਲੀ ਨੂੰ ਜਾਰੀ ਰੱਖਣ ਦੀ ਆਸ ਕਰਦੇ ਹਾਂ ।"

### ਸਟ੍ਰੀਟੀਜਿਕ ਰੀਵਿਯੂ ਆਫ਼ ਸ਼ੈਲਟਰਡ ਹਾਊਜ਼ਿੰਗ

ਦ ਸਿਟੀ ਆਫ਼ ਐਡਿਨਬਰਾ ਕੌਂਸਲ, ਐਡਿਨਬਰਾ ਦੇ ਵਿਚ ਹੋਂਦ ਵਿਚ ਰਹੇ ਆਸਰੇ ਦੀ ਰਿਹਾਇਸ਼ ਦੇ ਪ੍ਰਬੰਧ ਦਾ ਸਰਵੇਖਣ ਕਰ ਰਹੀ ਹੈ । ਇਸ ਸਰਵੇਖਣ ਦਾ ਉਦੇਸ਼, ਸ਼ਹਿਰ ਦੇ ਵਿਚ ਆਸਰੇ ਦੀ ਰਿਹਾਇਸ਼ ਦੇ ਵਰਤਮਾਨ ਅਤੇ ਭਵਿੱਖ ਦੀ ਪਰਿਭਾਸ਼ਾ ਵੱਲ ਵੇਖਣਾ ਹੈ ਅਤੇ ਰਹਿਣ ਵਾਲੇ ਜਾਂ ਨਾਂ–ਰਹਿਣ ਵਾਲੇ ਬਜ਼ੁਰਗ ਲੋਕਾਂ ਦੇ ਵਿਚਾਰਾਂ ਦੀ ਭਾਲ ਕਰਕੇ ਆਸਰੇ ਦੀ ਰਿਹਾਇਸ਼ ਦੀ ਮੰਗ ਦਾ ਨਿਰਧਾਰਣ ਕਰਨਾ ਹੈ ।

ਇਸ ਗੱਲ ਨੂੰ ਨਿਸਚਿਤ ਕਰਨ ਲਈ ਕਿ ਸਾਰੇ ਭਾਈਚਾਰਿਆਂ ਦੇ ਵਿਚਾਰ ਵੇਖੇ ਜਾਂਦੇ ਹਨ, ਸਿਟੀ ਆਫ਼ ਐਡਿਨਬਰਾ ਕੌਂਸਲ ਨੇ ਟ੍ਰਸਟ, ਹੈਨੋਵਰ (ਸਕਾਟਲੈਂਡ) ਅਤੇ ਬੀਲਡ ਹਾਉਸਿੰਗ ਐਸੋਸਿਏਸ਼ਨਜ਼ ਨੂੰ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਦੇ ਲੋਕਾਂ ਦਾ ਸਰਵੇਖਣ ਕਰਨ ਲਈ ਕਿਹਾ ਹੈ ।

ਇਹ ਆਸ ਕੀਤੀ ਜਾਂਦੀ ਹੈ ਕਿ ਸਰਵੇਖਣ, ਫ਼ਰਵਰੀ 2006 ਤੱਕ ਪੂਰਾ ਹੋ ਜਾਵੇਗਾ । ਜ਼ਿਆਦਾ ਜਾਣਕਾਰੀ ਵਾਸਤੇ, ਕਿਰਪਾ ਕਰ ਇਲੇਨ ਸਕੌਟ ਨੂੰ ਸਿਟੀ ਆਫ਼ ਐਡਿਨਬਰਾ ਕੌਂਸਲ ਤੇ ਇਸ ਨੰਬਰ 0131 529 2277 ਤੇ ਸੰਪਰਕ ਕਰੋ ਜਾਂ ਰੋਹਿਣੀ ਸ਼ਰਮਾ ਨੂੰ ਇਸ ਨੰਬਰ 0131 444 4950 ਜਾਂ rsharma @trustha.org.uk ਤੇ ਸੰਪਰਕ ਕਰੋ ।

# ਅਵਾਰਡਸ–ਅਵਾਰਡਸ–ਅਵਾਰਡਸ

## ਇਨਾਮ–ਇਨਾਮ–ਇਨਾਮ

ਐਸੋਸਿਏਸ਼ਨਜ਼ ਦਾ ਕੰਮ ਸਮਾਨ ਮੌਕਿਆਂ ਨੂੰ ਵਧਾਵਾ ਦੇਣ ਲਈ ਪਹਿਲ ਕਰਨ ਕਰਕੇ, ਹੇਠ ਲਿਖੇ ਇਨਾਮਾਂ ਦੁਆਰਾ, ਕੌਮੀ ਪੱਧਰ ਤੇ ਪਛਾਣਿਆ ਗਿਆ ਹੈ ।

- **2005 ਬ੍ਰਿਟਿਸ਼ ਡਾਈਵਰਸਿਟੀ ਅਵਾਰਡਸ**

  "ਹੈਪੀ ਟੂ ਟ੍ਰਾਂਸਲੇਟ" ਲੋਗੋ ਇਨਿਸ਼ਿਏਟਿਵ ਵਾਸਤੇ, **"ਡਾਈਵਰਸਿਟੀ ਇਨ ਪਬਲਿਕ ਸਰਵਿਸ ਚੈਮਪਿਅਨ ਅਵਾਰਡ"** ਦਾ ਜੇਤੂ ।

- **ਰੇਸ ਐਕਸ਼ਨ ਅਵਾਰਡਸ 2005**

  "ਹੈਪੀ ਟੂ ਟ੍ਰਾਂਸਲੇਟ" ਲੋਗੋ ਵਾਸਤੇ 'ਉੱਚੇ ਸਤੱਰ ਤੇ ਸਿਫ਼ਾਰਸ਼ ।' "ਹੈਪੀ ਟੂ ਟ੍ਰਾਂਸਲੇਟ" ਲੋਗੋ ਇਨੀਸ਼ਿਏਟਿਵ ਦੇ ਕੋ–ਫ਼ੰਡਰ ਦੀ ਹੈਸਿਅਤ ਵਜੋਂ ਅਤੇ ਰੇਸ ਐਕਸ਼ਨ ਨੈੱਟ ਦੀ ਔਰਗਨਾਈਜ਼ੇਸ਼ਨ ਦੇ ਮੇਂਬਰ ਦੀ ਹੈਸਿਅਤ ਵਜੋਂ, ਕਮਿਯੂਨਿਟੀਜ਼ ਸਕਾਟਲੈਂਡ ਨੇ ਇਸ ਇਨਾਮ ਵਾਸਤੇ ਐਸੋਸੀਏਸ਼ਨ ਨੂੰ ਨਾਮਜ਼ਦ ਕੀਤਾ ।

- **ਯੂਕੇ ਹਾਊਜ਼ਿੰਗ ਅਵਾਰਡਸ 2005**

  ਐਸੋਸਿਏਸ਼ਨਜ਼ ਦਾ ਹਾਊਜ਼ਿੰਗ ਈਕਵਲ ਔਪਰਚਯੂਨਿਟੀਜ਼ ਪ੍ਰੋਗਰੈਮ, "ਆਊਟਸਟੈਂਡਿੰਗ ਅਚੀਵਮੈਂਟ ਇਨ ਸੋਸ਼ਲ ਹਾਊਜ਼ਿੰਗ ਇਨ ਸਕਾਟਲੈਂਡ" ਦੀ ਸ਼੍ਰੇਣੀ ਵਿਚ ਵਿਜੇਤਾ ਚੁਣਿਆ ਗਿਆ ।




ਐਸੋਸਿਏਸ਼ਨ ਵਲੋਂ ਰੋਹਿਣੀ ਸ਼ਰਮਾ ਨੇ RaceActionNet Awards 2005 ਵਿਖੇ) Rt.Hon.Baroness Amos of Brondesbury ਵਲੋਂ (ਹਾਊਸ ਆਫ਼ ਲਾਰਡਸ ਦੇ ਲੀਡਰ ਅਤੇ ਕੌਂਸਲ ਦੇ ਪ੍ਰੈਜ਼ੀਡੈਂਟ ਪਾਸੋਂ ਕਮੈਂਨਡੇਸ਼ਨ ਪ੍ਰਾਪਤ ਕੀਤਾ)



ਲੰਡਨ British Diversity Awards 2005 ਵਿਖੇ Air Vice-Marshall Chris Moran (Assistant Chief of the Air Staff) ਨੇ ਰੋਹਿਣੀ ਸ਼ਰਮਾ ਅਤੇ ਆਇਸ਼ਾ ਨਦੀਮ ਨੂੰ ਈਨਾਮ ਪੇਸ਼ ਕੀਤਾ ।




UK Housing Awards London, ਵਿਖੇ ਐਸੋਸਿਏਸ਼ਨਸ ਦੇ ਨੁਮਾਇੰਦੇ, L-R: Helen Murdoch, David McClean, Nan Burnett, Fiona Miller, Rohini Sharma, Katrina Turner, Gordon Ritchie, Douglas Boyd

# ਪ੍ਰੋਗਰੈਸ ਅਪਡੇਟਸ...

## "ਹੈਪੀ ਟੂ ਟ੍ਰਾਂਸਲੇਟ" ਲੋਗੋ

HAPPY TO **TRANSLATE**

"ਹੈਪੀ ਟੂ ਟ੍ਰਾਂਸਲੇਟ" ਲੋਗੋ, ਸਟੀਅਰਿੰਗ ਗਰੁੱਪ (ਜਿਸ ਵਿਚ ਫੰਡਰਜ਼ ਅਤੇ ਹਿੱਸਾ ਲੈਣ ਵਾਲੀਆਂ ਸੰਸਥਾਂਵਾਂ ਸ਼ਾਮਲ ਹਨ) ਦੀ ਅਗਵਾਈ ਹੇਠ ਬਹੁਤ ਚੰਗੀ ਤਰੱਕੀ ਕਰ ਰਿਹਾ ਹੈ ।

ਇੱਕ ਔਫ਼ਿਸ਼ਿਅਲ ਟੂਲਕਿਟ, ਤਿਆਰ ਹੈ ਅਤੇ ਪਾਇਲਟ ਔਰਗਨਾਈਜ਼ੇਸ਼ਨਸ ਦੁਆਰਾ ਨਵੇਂ ਸਾਲ ਵਿਚ ਲੋਕਾਂ ਦੇ ਸਾਮ੍ਹਣੇ ਜਾਣ ਤੇ ਲੋਗੋ ਦੇ ਨਾਲ ਵਰਤੋਂ ਕੀਤੀ ਜਾਵੇਗੀ । ਟੂਲਕਿਟ, ਪਾਈਲਟ ਔਰਗਨਾਈਜ਼ੇਸ਼ਨਜ਼ ਨੂੰ ਜਾਣਕਾਰੀ ਅਤੇ ਸੂਚਨਾ ਪ੍ਰਦਾਨ ਕਰੇਗੀ ਤਾਂ ਜੋ ਇਹ ਨਿਸ਼ਚਿਤ ਹੋ ਸਕੇ ਕਿ ਜੋ ਲੋਕ ਭਾਸ਼ਾ ਦੀਆਂ ਰੁਕਾਵਟਾਂ ਦਾ ਸਾਮਨਾ ਕਰਦੇ ਹਨ, ਉਨ੍ਹਾਂ ਕੋਲ, ਜਾਣਕਾਰੀ ਅਤੇ ਸੇਵਾਵਾਂ ਤਕ ਸਮਾਨ ਪਹੁੰਚ ਹੋ ਸਕੇ ।




ਟਾਮੀਕੋ ਮੈਕੀ, ਲੋਗੋ ਡਿਵੈਲਪਮੈਂਟ ਆਫ਼ਿਸਰ, ਕਮਿਊਨਿਟੀਜ਼ ਵਿਚ ਜਾ ਕੇ ਮੁਲਾਕਾਤ ਕਰੇਗਾ ਤਾਂ ਜੋ ਇਹ ਵਖਾਣ ਕਰ ਸਕੇ ਕਿ ਔਰਗਨਾਈਜ਼ੇਸ਼ਨਜ਼ ਜੋ ਲੋਗੋ ਦਾ ਪ੍ਰਦਰਸ਼ਨ ਕਰਦੀਆਂ ਹਨ, ਕੋਲੋਂ ਕੀ ਆਸ ਕਰਨੀ ਹੈ । **ਬੀਲਡ ਹਾਊਸਿੰਗ ਐਸੋਸਿਏਸ਼ਨ, ਸਿਟੀ ਆਫ਼ ਐਡਿਨਬਰਾ ਕੌਂਸਲ, ਹੈਨੋਵਰ (ਸਕਾਟਲੈਂਡ) ਹਾਊਜ਼ਿੰਗ ਐਸੋਸਿਏਸ਼ਨ, ਲੋਦਿਅਨ ਐਂਡ ਬੋਰਡਰਜ਼ ਪੁਲਿਸ, ਮੋਰੇਏ ਕੌਂਸਲ, ਐੱਨ ਹੇੱਚ ਐੱਸ ਲੋਦਿਅਨ, ਅਤੇ ਟ੍ਰਸਟ ਹਾਊਜ਼ਿੰਗ ਐਸੋਸਿਏਸ਼ਨਜ਼, ਪਾਇਲਟਿੰਗ ਐਸੋਸਿਏਸ਼ਨਜ਼ ਹਨ ।**

ਇਨੀਸ਼ਿਏਟਿਵ ਬਾਰੇ ਜਾਣਕਾਰੀ, 14 ਵੱਖ–ਵੱਖ ਭਾਈਚਾਰੇ ਦੀਆਂ ਭਾਸ਼ਾਵਾਂ ਵਿਚ **www.happytotranslate.com** ਤੋਂ ਡਾਉਨਲੋਡ ਕੀਤੀ ਜਾ ਸਕਦੀ ਹੈ ਜਾਂ ਲੋਗੋ ਡਿਵੈਲਪਮੈਂਟ ਆਫ਼ਿਸਰ, ਟਾਮਿਕੋ ਮੈਕੀ, ਨੂੰ ਇਸ ਨੰਬਰ 0131 444 4951 ਤੇ ਫ਼ੋਨ ਕਰੋ ਜਾਂ ਈ–ਮੇਲ tmackie@trustha.org.uk ਕਰੋ ।

## ਪੈਂਸ਼ਨ ਬੈਨਿਫ਼ਿੱਟ ਆਊਟਰੀਚ ਪ੍ਰਾਜੈਕਟ

ਮਈ 2005 ਤੋਂ ਸ਼ੁਰੂ ਹੋਇਆ ਇਹ ਪ੍ਰਾਜੈਕਟ, ਸੈਂਟਰਲ ਸਕਾਟਲੈਂਡ ਵਿਚ ਕਾਲੇ ਅਤੇ ਘੱਟ ਗਿਣਤੀ ਨਸਲੀ ਬਜ਼ੁਰਗ ਲੋਕਾਂ ਦੀ ਬੈਨਿਫ਼ਿੱਟ ਦੀ ਸਮੱਝ ਨੂੰ ਸੁਧਾਰਨ ਅਤੇ ਵਧਾਉਣ ਵਿਚ ਬਹੁਤ ਜ਼ਿਆਦਾ ਕਾਮਯਾਬ ਹੋਇਆ ਹੈ ।




ਅੱਜ ਦੀ ਤਾਰੀਖ਼ ਤੱਕ, 200 ਬਜ਼ੁਰਗ ਲੋਕ ਜਿਨ੍ਹਾਂ ਦੀ ਉਮਰ 60 ਸਾਲ ਤੋਂ ਜ਼ਿਆਦਾ ਹੈ, ਦਾ ਨਿਰਧਾਰਣ ਕੀਤਾ ਗਿਆ ਹੈ ਅਤੇ ਲਗਭੱਗ 70 ਨੂੰ ਉਨ੍ਹਾਂ ਦੇ ਬੈਨਿਫ਼ਿੱਟ ਦੇ ਹੱਕ ਵਿਚ ਵਾਧੇ ਦਾ ਫ਼ਾਇਦਾ ਹੋਇਆ ਹੈ । ਕੁੱਲ ਮਿਲਾ ਕੇ, £170,000 ਦੇ ਹੋਰ ਫ਼ਾਇਦੇ, ਬਜ਼ੁਰਗ ਲੋਕਾਂ ਵਾਸਤੇ ਰਾਖਵੇਂ ਕੀਤੇ ਗਏ ਹਨ ।

ਜੇਕਰ ਤੁਹਾਣੂ ਜਾਂ ਤੁਸੀਂ ਕਿਸੇ ਨੂੰ ਜਾਣਦੇ ਹੋ, ਜਿਸ ਨੂੰ ਪ੍ਰਾਜੈਕਟ ਤੋਂ ਫ਼ਾਇਦਾ ਹੋ ਸਕਦਾ ਹੈ, ਤਾਂ ਕਿਰਪਾ ਕਰ ਪੈਂਸ਼ਨ ਬੈਨਿਫ਼ਿੱਟ ਆਊਟਰੀਚ ਵਰਕਰ, ਆਇਸ਼ਾ ਨਦੀਮ, ਨੂੰ ਇਸ ਨੰਬਰ 0131 444 4952 ਤੇ ਫ਼ੋਨ ਕਰੋ ਜਾਂ anadeem@trustha.org.uk ਤੇ ਈ–ਮੇਲ ਕਰੋ । ਸਲਾਹ ਮੁਫ਼ਤ ਦਿੱਤੀ ਜਾਵੇਗੀ ਅਤੇ ਤੁਹਾਡੀ ਭਾਸ਼ਾ ਵਿਚ ਉਪਲਬਧ ਕਰਾਈ ਜਾਵੇਗੀ ।

www.EqualityScotland.com

## EDINBURGH

Trust HA
12 New Mart Road
Edinburgh EH14 1RL
Tel 0131 444 1200
www.trustha.org.uk

Hanover (Scotland) HA
95 McDonald Road
Edinburgh EH7 4NS
Tel 0131 557 0598
www.hsha.org.uk

Bield HA
79 Hopetoun Street
Edinburgh EH7 4QF
Tel 0131 273 4000
www.bield.co.uk

## GLASGOW

Trust HA
25 Park Circus
Glasgow G3 6AP
Tel 0141 341 3200
www.trustha.org.uk

Hanover (Scotland) HA
5 Newton Place
Glasgow G3 7PR
Tel 0141 353 1353
www.hsha.org.uk

Bield HA
12 Somerset Place
Glasgow G3 7JT
Tel 0141 270 7200
www.bield.co.uk

# ਲੁੱਕਿੰਗ ਫ਼ਾਰਵਰਡ ਟੂ...
# ਜੌਬ ਔਪਰਚਯੂਨਿਟੀਜ਼ ਫ਼ੇਅਰ

ਕਾਲੇ ਅਤੇ ਘੱਟ ਗਿਣਤੀ ਨਸਲੀ (BME) ਭਾਈਚਾਰਿਆਂ ਵਾਸਤੇ, ਤੀਸਰਾ ਸਾਲਾਨਾ ਜੌਬ ਔਪਰਚਯੂਨਿਟੀਜ਼ ਫ਼ੇਅਰ ਐਤਵਾਰ 4 ਜੂਨ 2006 ਨੂੰ Caird, Dundee ਵਿਖੇ ਹੋਵੇਗਾ ।

ਆਉਣ ਵਾਲੇ ਮਹੀਨਿਆਂ ਵਿਚ ਇਸ ਜਲਸੇ ਬਾਰੇ ਜ਼ਿਆਦਾ ਜਾਣਕਾਰੀ, **www.EqualityScotland.com** ਤੇ ਤਾਰੀਖ਼ ਦੇ ਕੋਲ ਵੇਖੋ । ਉਤਨੇ ਸਮੇਂ ਵਿਚ, ਰੋਹਿਣੀ ਸ਼ਰਮਾ ਨਾਲ ਸੰਪਰਕ ਕਰੋ ਜੇਕਰ... (ਪੰਨੇ ਦੇ ਹੇਠ ਵੇਰਵੇ ਵੇਖੋ)

- ਤੁਸੀਂ ਰਿਹਾਇਸ਼ ਸੰਬੰਧੀ ਜਾਂ ਜਨਤਕ ਖੇਤਰ ਦੇ ਮਾਲਕ ਹੋ ਅਤੇ ਪ੍ਰਦਰਸ਼ਕ ਵਜੋਂ ਹਿੱਸਾ ਲੈਣਾ ਚਾਹੁੰਦੇ ਹੋ;
- ਜੇਕਰ ਤੁਸੀਂ ਐਸੀ ਸੰਸਥਾ ਦਾ ਹਿੱਸਾ ਹੋ ਜੋ, ਰੁਜ਼ਗਾਰ ਦੇ ਖੇਤਰ ਵਿਚ ਸਮਾਨ ਮੌਕਿਆਂ ਨੂੰ ਵਧਾਵਾ ਦੇਣ ਲਈ ਕੰਮ ਕਰ ਰਹੀ ਹੈ;
- ਤੁਸੀਂ ਨੌਕਰੀ ਦੀ ਭਾਲ ਵਿਚ ਹੋ ਅਤੇ ਜਲਸੇ ਬਾਰੇ ਜਾਣਕਾਰੀ ਲੈਂਦੇ ਰਹਿਣਾ ਪਸੰਦ ਕਰੋਗੇ;

## “ਸ਼ਾਪ” ਹਾਊਜ਼ਿੰਗ ਐਪਲਿਕੇਸ਼ਨ

ਆਪਣੀ ਸਾਂਝੀਦਾਈ ਨਾਲ ਕੰਮ ਕਰਦੇ ਰਹਿਣ ਦੇ ਰਾਹੀਂ, ਤਿੰਨੋ ਐਸੋਸਿਏਸ਼ਨਾਂ ਨੇ ਇੱਕ ਸਾਂਝਾ ਐਪਲਿਕੇਸ਼ਨ ਫ਼ਾਰਮ, ਜਿਸ ਨੂੰ SHOP (Scottish Housing Older People) ਕਿਹਾ ਜਾਂਦਾ ਹੈ, ਦਾ ਵਿਕਾਸ ਕੀਤਾ ਹੈ ।

ਇਹ ਫ਼ਾਰਮ ਛੇਤੀ ਹੀ ਅੰਗ੍ਰੇਜ਼ੀ ਅਤੇ ਕਈ ਵੱਖ–ਵੱਖ ਭਾਈਚਾਰਿਆਂ ਦੀਆਂ ਭਾਸ਼ਾਵਾਂ ਵਿਚ **www.Equalityscotland.com** ਤੇ ਉਪਲਬਧ ਕਰਾਇਆ ਜਾਵੇਗਾ ।

## ਹਾਊਜ਼ਿੰਗ ਐਂਡ ਬੈਨਿਫ਼ਿੱਟਸ ਐਡਵਾਈਸ

**ਕੀ ਤੁਸੀਂ 60 ਸਾਲ ਦੀ ਉਮਰ ਤੋਂ ਵੱਧ ਹੋ ਅਤੇ ਹਾਊਜ਼ਿੰਗ ਫ਼ਾਰ ਓਲਡਰ ਪੀਪਲ ਤੇ ਸਲਾਹ ਲੈਣੀ ਚਾਹੁੰਦੇ ਹੋ ਜਾਂ ਆਪਣੇ ਬੈਨਿਫ਼ਿੱਟਸ ਦਾ ਮੂਲਾਂਕਣ ਕਰਨਾ ਚਾਹੁੰਦੇ ਹੋ?** ਦਿੱਤੀ ਜਾਣ ਵਾਲ਼ੀ ਸਲਾਹ ਗੁੱਪਤ ਰੱਖੀ ਜਾਵੇਗੀ, ਤੁਹਾਡੀ ਭਾਸ਼ਾ ਵਿਚ ਹੋਵੇਗੀ ਅਤੇ ਉਸ ਥਾਂ ਤੇ ਦਿੱਤੀ ਜਾਵੇਗੀ ਜੋ ਤੁਹਾਡੇ ਲਈ ਸੱਭ ਤੋਂ ਸੌਖੀ ਹੋਵੇ ।
ਕਿਰਪਾ ਕਰ ਰੋਹਿਣੀ ਸ਼ਰਮਾ ਜਾਂ ਆਇਸ਼ਾ ਨਦੀਮ ਨੂੰ ਇਸ ਨੰਬਰ 0131 444 1200 ਤੇ ਅਪੋਇੰਟਮੈਂਟ ਬਣਾਉਣ ਲਈ ਸੰਪਰਕ ਕਰੋ ਜਾਂ rsharma@trustha.org.uk ਜਾਂ anadeem@trustha.org.uk ਤੇ ਈ–ਮੇਲ ਕਰੋ ।

ਇਹ ਸਮਾਚਾਰ–ਪੱਤਰ, ਟ੍ਰਸਟ, ਹੈਨੋਵਰ (ਸਕਾਟਲੈਂਡ) ਅਤੇ ਬੀਲਡ ਹਾਊਜ਼ਿੰਗ ਐਸੋਸਿਏਸ਼ਨਸ ਦੇ ਵਲੋਂ ਇੱਕ ਸਾਂਝਾ ਪ੍ਰਕਾਸ਼ਨ ਹੈ । ਪਿਛਲੇ ਅੰਕ www.EqualityScotland.com ਤੇ ਵੇਖੇ ਜਾ ਸਕਦੇ ਹਨ । ਜੇਕਰ ਤੁਸੀਂ ਕੋਈ ਵਿਚਾਰ ਜਾਂ ਸੁਝਾਅ ਦੇਣਾ ਚਾਹੁੰਦੇ ਹੋ ਜਾਂ ਤੁਸੀਂ ਆਪਣਾ ਜਲਸਾ ਜਾਂ ਪ੍ਰਾਜੈਕਟ ਪ੍ਰਕਾਸ਼ਨ ਵਾਸਤੇ ਵਿਚਾਰਿਆ ਜਾਣਾ ਚਾਹੁੰਦੇ ਹੋ ਤਾਂ, ਕਿਰਪਾ ਕਰ ਸੰਪਰਕ ਕਰੋ:

**Rohini Sharma (Housing Equal Opportunities Manager)**
**12 New Mart Road, Edinburgh EH14 1RL**
**Tel: 0131 444 1200 Fax: 0131 444 4949**
**rsharma@trustha.org.uk**